# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 02 ਮਾਰਚ 2026 ਦਿਨ ਸੋਮਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਪੰਜਾਬ ਤੇ ਤਿੰਨ ਸਾਮਰਾਜੀ ਹਮਲਿਆਂ ਨੇ ਪੰਜਾਬੀਆਂ ਨੂੰ ਆਪਣੀਆਂ ਤਿੰਨ ਮਾਵਾਂ ਤੋਂ ਤੋੜਿਆ

ਵਰਲਡ ਪੰਜਾਬੀ ਟਾਈਮਜ਼ ਗੁਰਨਾਮ ਸਿੰਘ

ਸੰਗਰੂਰ 2 ਮਾਰਚ : ਪੰਜਾਬੀ ਸਾਹਿਤ ਸਭਾ ਸੰਗਰੂਰ ਵੱਲੋਂ ਹੋਲਾ-ਮੁਹਲਾ ਨੂੰ ਸਮਰਪਿਤ ਜ਼ੋਰਾ ਸਿੰਘ ਮੰਡੇਰ ਦੀ ਪੁਸਤਕ ਧਰਤੀ ਪੁੱਤਰ ਲੋਕ ਅਰਪਣ ਅਤੇ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਜਗਦੀਪ ਸਿੰਘ ਐਡਵੋਕੇਟ ਨੇ ਕੀਤੀ। ਮੁੱਖ ਮਹਿਮਾਨ ਡਾ. ਸਵਰਾਜ ਸਿੰਘ ਵਿਸ਼ਵਚਿੰਤਕ, ਵਿਸ਼ੇਸ਼ ਮਹਿਮਾਨ ਪਵਨ ਹਰਚੰਦਪੁਰੀ ਅਤੇ ਉਨ੍ਹਾਂ ਨਾਲ ਪ੍ਰਧਾਨਗੀ ਮੰਡਲ ਵਿੱਚ ਜ਼ੋਰਾ ਸਿੰਘ ਮੰਡੇਰ, ਅਨੋਖ ਸਿੰਘ ਵਿਰਕ, ਡਾ. ਭਗਵੰਤ ਸਿੰਘ, ਕਰਮ ਸਿੰਘ ਜਖਮੀ, ਸ. ਸ. ਫੁੱਲ, ਮੋਹੀ ਅਮਰਜੀਤ ਸ਼ਾਮਿਲ ਹੋਏ। ਧਰਤੀ ਪੁੱਤਰ ਨਾਵਲ ਲੋਕ ਅਰਪਣ ਕਰਨ ਉਪਰੰਤ ਉੱਥੇ ਨਾਟਕਕਾਰ ਮੋਹੀ ਅਮਰਜੀਤ ਦਾ ਵਿਸ਼ੇਸ਼ ਸਨਮਾਨ ਅਤੇ ਜ਼ੋਰਾ ਸਿੰਘ ਮੰਡੇਰ ਨੂੰ ਜਸਵੰਤ ਸਿੰਘ ਕੰਵਲ ਪੁਰਸਕਾਰ ਭੇਂਟ ਕੀਤਾ। ਡਾ. ਸਵਰਾਜ ਸਿੰਘ ਵਿਸ਼ਵਚਿੰਤਕ ਨੇ ਕਿਹਾ "ਪਿਛਲੇ 100 ਸਾਲਾਂ ਵਿੱਚ ਪੰਜਾਬ ਤੇ ਤਿੰਨ ਵੱਡੇ ਸਾਮਰਾਜੀ ਹਮਲੇ ਹੋਏ ਹਨ। ਪਹਿਲਾਂ 47



ਦੀ ਵੰਡ, ਦੂਜਾ ਹਰੇ ਇਨਕਲਾਬ ਅਤੇ ਤੀਸਰਾ ਸਾਮਰਾਜੀ ਪਰਵਾਸ ਦਾ। ਬ੍ਰਿਟਿਸ਼ ਸਾਮਰਾਜੀਆਂ ਨੇ ਉਨੀਵੀਂ ਸਦੀ ਵਿੱਚ ਇਹ ਸਮਝਿਆ ਸੀ ਕਿ ਪੰਜਾਬ ਉਨ੍ਹਾਂ ਲਈ ਵੱਡੀ ਚੁਣੌਤੀ ਬਣ ਸਕਦਾ ਹੈ, ਇਸ ਲਈ ਉਨ੍ਹਾਂ ਦੀ ਨੀਤੀ ਲਗਾਤਾਰ ਪੰਜਾਬ ਨੂੰ ਕਮਜ਼ੋਰ ਕਰਨ ਦੀ ਰਹੀ, ਪੰਜਾਬ ਉਸ ਵੇਲੇ ਦੇ ਬ੍ਰਿਟੇਨ ਨਾਲੋਂ ਕਿਤੇ ਜ਼ਿਆਦਾ ਖੁਸ਼ਹਾਲ ਸੀ, ਉਨ੍ਹਾਂ ਨੇ ਪੰਜਾਬ ਤੇ ਕਬਜ਼ਾ ਕਰ ਲਿਆ। ਪ੍ਰੰਤੂ ਫਿਰ ਵੀ ਉਹ ਪੰਜਾਬ ਨੂੰ ਉਨ੍ਹਾਂ ਨੂੰ ਚੁਣੌਤੀ ਦੇਣ ਦੇ ਸਮੱਰਥ ਸਮਝਦੇ ਰਹੇ ਅਤੇ ਇਸਲਈ ਲਗਾਤਾਰ ਪੰਜਾਬ ਨੂੰ ਹੋਰ ਕਮਜ਼ੋਰ ਕਰਨ ਦਾ ਯਤਨ ਕਰਦੇ ਰਹੇ। ਬ੍ਰਿਟਿਸ਼ ਸਾਮਰਾਜੀਆਂ ਅਤੇ ਉਨ੍ਹਾਂ ਦੇ ਵਾਰਿਸ ਅਮਰੀਕੀ ਸਾਮਰਾਜੀਆਂ ਦੀ ਨੀਤੀ ਪੰਜਾਬ ਨੂੰ ਕਮਜ਼ੋਰ ਕਰਨ ਦੀ ਰਹੀ। ਇਸ ਨੀਤੀ ਤਹਿਤ ਪੰਜਾਬ ਤੇ ਤਿੰਨ ਹਮਲੇ ਹੋਏ, ਵੰਡ, ਹਰਾ ਇਨਕਲਾਬ ਅਤੇ ਸਾਮਰਾਜੀ ਪਰਵਾਸ ਦੇ, ਹਰਾ ਇਨਕਲਾਬ ਅਮਰੀਕੀ ਸਾਮਰਾਜ ਅਤੇ ਪੰਜਾਬ ਦੀ ਅਮੀਰ ਕਿਸਾਨੀ ਦਾ ਗੱਠਜੋੜ ਸੀ ਜਿਸਨੇ ਪੰਜਾਬ ਤੇ ਮੁਕੰਮਲ ਕਬਜ਼ਾ ਕਰ ਲਿਆ। ਸਾਮਰਾਜੀ ਪਰਵਾਸ ਕੁਦਰਤੀ ਪਰਵਾਸ ਜੋ ਕਿ ਲੋੜਾਂ ਤੇ ਅਧਾਰਿਤ ਹੈ ਨਾਲੋਂ ਅਲੱਗ ਹੈ। ਇਹ ਮੁੱਖ ਤੌਰ ਤੇ ਥੋੜੇ ਤੋਂ ਥੋੜੇ ਸਮੇਂ ਵਿੱਚ ਵੱਧ ਤੋਂ ਵੱਧ ਪੈਸਾ ਬਣਾਉਣ ਦੀ ਖਾਹਿਸ਼ ਵਿੱਚੋਂ ਉਪਜਦਾ ਹੈ। ਜਿੱਥੇ ਪਹਿਲਾਂ ਕੁਦਰਤੀ ਪਰਵਾਸ ਨੇ ਪੰਜਾਬ ਦਾ ਕੁੱਝ ਸੰਵਾਰਿਆ ਹੈ ਉੱਥੇ ਅਜੋਕਾ ਪਰਵਾਸ ਪੰਜਾਬ ਨੂੰ ਬਰਬਾਦ ਵੱਲ ਧੱਕ ਰਿਹਾ ਹੈ। ਇਸਨੇ ਵੱਡੇ ਪੱਧਰ ਤੇ ਪੰਜਾਬੀ ਦੇ ਸੱਭਿਆਚਾਰ ਨੂੰ ਖੋਰਾ ਅਤੇ ਕਦਰਾ-ਕੀਮਤਾਂ ਦੇ ਗੁਆਚਣ ਵਿੱਚ ਵੱਡੀ ਭੂਮਿਕਾ ਨਿਭਾਈ ਹੈ। ਅੱਜ ਪੰਜਾਬੀ ਆਪਣੀਆਂ ਤਿੰਨਾਂ ਮਾਵਾਂ ਧਰਤੀ ਮਾਂ, ਜਨਨੀ ਮਾਂ ਅਤੇ ਮਾਂ ਬੋਲੀ ਤੇ ਸੱਭਿਆਚਾਰ ਨਾਲੋਂ ਟੁੱਟ ਰਹੇ ਹਨ। ਇਨ੍ਹਾਂ ਤਿੰਨ੍ਹਾਂ ਮਾਵਾਂ ਦਾ ਆਪਸੀ ਰਿਸ਼ਤਾ ਹੈ। ਜੋ ਲੋਕ ਆਪਣੀ ਧਰਤੀ ਮਾਂ ਤੋਂ ਟੁੱਟ ਰਹੇ ਹਨ। ਉਨ੍ਹਾਂ ਦਾ ਆਪਣੀ ਜਨਨੀ ਮਾਂ ਅਤੇ ਮਾਂ ਬੋਲੀ ਤੇ ਸੱਭਿਆਚਾਰ ਤੋਂ ਟੁੱਟਣਾ ਵੀ ਨਿਸ਼ਚਿਤ ਹੈ। ਪੰਜਾਬੀਆਂ ਨੂੰ ਆਪਣੀ ਸੱਭਿਆਚਾਰਕ ਹੌਂਦ ਨੂੰ ਬਚਾਉਣ ਲਈ ਅਤੇ ਪੰਜਾਬ ਨੂੰ ਸਾਮਰਾਜੀ ਗੁਲਾਮੀ ਤੋਂ ਮੁਕਤ ਕਰਾਉਣ ਲਈ ਜ਼ੋਰਾ ਸਿੰਘ ਮੰਡੇਰ ਦੇ ਧਰਤੀ ਪੁੱਤਰ ਨਾਵਲ ਅਨੁਸਾਰ ਸਿਰਜੇ ਬਿਰਤਾਂਤ ਤੋਂ ਅਗਵਾਈ ਲੈ ਕੇ ਸੰਘਰਸ਼ ਕਰਨ ਦੀ ਜਰੂਰਤ ਹੈ।" ਵਿਚਾਰ ਚਰਚਾ ਵਿੱਚ ਦਲਬਾਰ ਸਿੰਘ, ਪਵਨ ਹਰਚੰਦਪੁਰੀ, ਪ੍ਰੋ. ਮਲਕੀਤ ਖੱਟੜਾ, ਨਿਹਾਲ ਸਿੰਘ ਮਾਨ, ਡਾ. ਭਗਵੰਤ ਸਿੰਘ, ਗੁਰਨਾਮ ਸਿੰਘ, ਡਾ. ਰਾਕੇਸ਼ ਸ਼ਰਮਾ, ਕਰਮ ਸਿੰਘ ਜਖਮੀ, ਅਮਰ ਗਰਗ ਕਲਮਦਾਨ, ਅਨੋਖ ਸਿੰਘ ਵਿਰਕ, ਪ੍ਰਿੰਸੀਪਲ ਸੁਖਜੀਤ ਕੌਰ, ਜੋਗਿੰਦਰ ਕੌਰ ਅਗਨੀਹੋਤਰੀ, ਸ਼੍ਰੀ ਸਤਦੇਵ ਸ਼ਰਮਾ, ਸੁਰਿੰਦਰ ਸ਼ਰਮਾ ਨਾਗਰਾ, ਬਲਦੇਵ ਸਿੰਘ ਖੋਸਾ, ਮੋਹੀ ਅਮਰਜੀਤ, ਮੇਘਨਾਥ ਸ਼ਰਮਾ ਨੇ ਭਾਗ ਲੈ ਕੇ ਉਸਾਰੂ ਸੰਵਾਦ ਸਿਰਜਿਆ ਅਤੇ ਬੁਲਾਰਿਆਂ ਨੇ ਧਰਤੀ ਪੁੱਤਰ ਨਾਵਲ ਨੂੰ ਪੰਜਾਬੀ ਸਾਹਿਤ ਦੀ ਬਿਹਤਰੀਨ ਰਚਨਾ ਦੱਸਿਆ ਹੈ। ਇਸ ਮੌਕੇ ਕੈਪਟਨ ਹਰਕੇਸ਼ ਸਿੰਘ, ਸੁਰਜੀਤ ਸਿੰਘ ਮੌਜੀ, ਬਹਾਦਰ ਸਿੰਘ ਧੌਲਾ, ਪਵਨ ਕੁਮਾਰ ਹੋਸ਼ੀ, ਬਲਜਿੰਦਰ ਈਲਵਾਲ, ਮੀਤ ਸਕਰੌਦੀ, ਸੁਰਿੰਦਰ ਪਾਲ ਸਿੰਘ ਸਿਦਕੀ, ਹਰਵਿੰਦਰ ਕੌਰ, ਅਮਨਦੀਪ ਕੌਰ, ਕਾਮਰੇਡ ਬਸੇਸ਼ਰ ਰਾਮ, ਅੰਮ੍ਰਿਤਪਾਲ ਸਿੰਘ, ਗਮਦੂਰ ਸਿੰਘ ਬਰਾੜ, ਰਣਜੀਤ ਸਿੰਘ ਧੂਰੀ, ਅੰਮ੍ਰਿਤ ਅਜੀਜ, ਗੁਲਜ਼ਾਰ ਸਿੰਘ ਸ਼ੌਕੀ, ਗੁਰਨਾਮ ਸਿੰਘ, ਬਲਦੇਵ ਸਿੰਘ, ਹੰਸਰਾਜ ਆਦਿ ਸ਼ਾਇਰਾ ਨੇ ਹੋਲੇ-ਮਹੱਲੇ ਨੂੰ ਸਮਰਪਿਤ ਰਚਨਾਵਾਂ ਪੇਸ਼ ਕੀਤੀਆਂ। ਸਨਮਾਨ ਪੱਤਰ ਜੋਗਿੰਦਰ ਕੌਰ ਅਗਨੀਹੋਤਰੀ ਅਤੇ ਸੁਖਜੀਤ ਕੌਰ ਸੋਹੀ ਨੇ ਪੜ੍ਹੇ। ਜਗਦੀਪ ਸਿੰਘ ਨੇ ਪ੍ਰਧਾਨਗੀ ਭਾਸ਼ਣ ਦਿੰਦੇ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਧਰਤੀ ਪੁੱਤਰ ਨੂੰ ਪੰਜਾਬੀ ਦਾ ਇੱਕ ਸਫਲ ਨਾਵਲ ਦੱਸਿਆ। ਗੁਰਨਾਮ ਸਿੰਘ ਨੇ ਮੰਚ ਸੰਚਾਲਣ ਕੀਤਾ। ਸੁੱਖ ਨੇ ਮਹਿਮਾਨਾਂ ਦਾ ਸਵਾਗਤ ਕੀਤਾ। ਡਾ. ਭਗਵੰਤ ਸਿੰਘ ਨੇ ਧਰਤੀ ਪੁੱਤਰ ਨਾਵਲ ਦੀ ਵਿਸ਼ੇਗਤ ਅਤੇ ਰੂਪਕ ਮਹੱਤਤਾ ਨੂੰ ਪੇਸ਼ ਕੀਤਾ। ਅਨੋਖ ਸਿੰਘ ਵਿਰਕ, ਪਵਨ ਹਰਚੰਦਪੁਰੀ, ਕਰਮ ਸਿੰਘ ਜਖਮੀ ਨੇ ਨਾਵਲ ਦੀ ਪ੍ਰਸੰਸ਼ਾ ਕੀਤੀ। ਜ਼ੋਰਾ ਸਿੰਘ ਮੰਡੇਰ ਨੇ ਆਪਣੀ ਸਿਰਜਨ ਪ੍ਰਕ੍ਰਿਆ ਬਾਰੇ ਗੱਲ ਕਰਦੇ ਹੋਏ ਸਮਾਗਮ ਵਿੱਚ ਉਠਾਏ ਗਏ ਨੁਕਤਿਆ ਤੇ ਪ੍ਰਸੰਨਤਾ ਜਾਹਿਰ ਕੀਤੀ।

## ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਵਿਖੇ ਪੁਰਾਤਨ ਵਿਦਿਆਰਥੀਆਂ ਦੀ ਸਲਾਨਾ ਮਿਲਣੀ ਯਾਦਗਾਰੀ ਹੋ ਨਿੱਬੜੀ

### ਪ੍ਰਿੰਸੀਪਲ ਸਰਬਜੀਤ ਕੌਰ ਦੀ ਰਹਿਨੁਮਾਈ ਹੇਠ ਹੋਇਆ ਸ਼ਾਨਦਾਰ ਸਮਾਗਮ – ਅਗਲੇ ਸਾਲ 27 ਫਰਵਰੀ 2027 ਨੂੰ ਮਿਲਣ ਦਾ ਕੀਤਾ ਫੈਸਲਾ

ਵਰਲਡ ਪੰਜਾਬੀ ਟਾਈਮਜ਼





ਲੁਧਿਆਣਾ, 2 ਮਾਰਚ : ਗੁਰੂ ਨਾਨਕ ਇੰਜੀਨੀਅਰਿੰਗ ਕਾਲਜ (GNE) ਲੁਧਿਆਣਾ ਵਿਖੇ ਪੁਰਾਤਨ ਵਿਦਿਆਰਥੀਆਂ ਦੀ ਸਲਾਨਾ ਐਲੂਮੀਨੀ ਮੀਟਿੰਗ ਪ੍ਰਿੰਸੀਪਲ ਸਰਦਾਰਨੀ ਸਰਬਜੀਤ ਕੌਰ ਦੀ ਰਹਿਨੁਮਾਈ ਹੇਠ ਬੜੇ ਉਤਸ਼ਾਹ ਅਤੇ ਸ਼ਾਨੋ-ਸ਼ੌਕਤ ਨਾਲ ਕਰਵਾਈ ਗਈ। ਇਸ ਮੌਕੇ ਦੇਸ਼-ਵਿਦੇਸ਼ ਤੋਂ ਪੁੱਜੇ ਸਾਬਕਾ ਵਿਦਿਆਰਥੀਆਂ ਨੇ ਆਪਣੀਆਂ ਪੁਰਾਣੀਆਂ ਯਾਦਾਂ ਤਾਜ਼ਾ ਕੀਤੀਆਂ ਅਤੇ ਸੰਸਥਾ ਦੀ ਚੜ੍ਹਦੀ ਕਲਾ ਲਈ ਵਿਚਾਰ ਸਾਂਝੇ ਕੀਤੇ। ਸਮਾਗਮ ਦੀ ਸ਼ੁਰੂਆਤ ਸ੍ਰੀ ਗੁਰੂ ਅਮਰਦਾਸ ਜੀ ਦੇ ਪਵਿੱਤਰ ਸ਼ਬਦ "ਮਿਲੁ ਮੇਰੇ ਪ੍ਰੀਤਮਾ ਜੀਉ ਤੁਧੁ ਬਿਨੁ ਖਰੀ ਨਿਮਾਣੀ" ਦੇ ਗਾਇਨ ਨਾਲ ਹੋਈ। ਸਟੇਜ ਦੀ ਕਾਰਵਾਈ ਪ੍ਰੋਫੈਸਰ ਡਾ. ਰੁਪਿੰਦਰ ਕੌਰ ਨੇ ਬੜੇ ਸੁਚੱਜੇ ਢੰਗ ਨਾਲ ਚਲਾਈ। ਸਮਾਗਮ ਵਿੱਚ ਮੁੱਖ ਤੌਰ 'ਤੇ ਡਾ. ਸਹਿਜਪਾਲ ਸਿੰਘ (ਪ੍ਰਿੰਸੀਪਲ, GNE), ਸਰਦਾਰਨੀ ਸਰਬਜੀਤ ਕੌਰ (ਪ੍ਰਿੰਸੀਪਲ, ਗੁਰੂ ਨਾਨਕ ਪੌਲੀਟੈਕਨਿਕ ਕਾਲਜ), ਡਾ. ਰਾਬਿੰਦਰ ਸਿੰਘ (ਸਾਬਕਾ ਪ੍ਰਿੰਸੀਪਲ) ਅਤੇ ਕਈ ਸੀਨੀਅਰ ਇੰਜੀਨੀਅਰ ਤੇ ਸਾਬਕਾ ਅਧਿਆਪਕ ਸ਼ਾਮਲ ਸਨ।

ਸੰਸਥਾ ਦੇ ਸਕੱਤਰ ਜੋਗਾ ਸਿੰਘ ਨੇ ਸਲਾਨਾ ਰਿਪੋਰਟ ਪੇਸ਼ ਕਰਦਿਆਂ ਕਾਲਜ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ। ਇਸ ਦੌਰਾਨ ਕੁਝ ਸੀਨੀਅਰ ਇੰਜੀਨੀਅਰਾਂ ਨੇ ਚਿੰਤਾ ਪ੍ਰਗਟਾਈ ਕਿ ਨਨਕਾਣਾ ਸਾਹਿਬ ਟਰੱਸਟ ਅਧੀਨ ਚੱਲ ਰਹੀ ਇਸ ਸੰਸਥਾ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਿਲਣ ਵਾਲੀ 5% ਵਿੱਤੀ ਸਹਾਇਤਾ ਕਈ ਸਾਲਾਂ ਤੋਂ ਰੁਕੀ ਹੋਈ ਹੈ। ਉਨ੍ਹਾਂ ਅਪੀਲ ਕੀਤੀ ਕਿ ਜ਼ਿੰਮੇਵਾਰ ਅਧਿਕਾਰੀ ਇਸ ਪਾਸੇ ਧਿਆਨ ਦੇਣ ਤਾਂ ਜੋ ਗੁਰੂ ਸਾਹਿਬ ਦੇ ਨਾਮ 'ਤੇ ਚੱਲ ਰਹੀਆਂ ਸੰਸਥਾਵਾਂ ਦੀ ਮਦਦ ਹੋ ਸਕੇ।

ਸਾਬਕਾ ਵਿਦਿਆਰਥੀ ਜਗਰੂਪ ਸਿੰਘ ਨੇ ਦਿੱਲੀ ਦੇ ਪ੍ਰਦੂਸ਼ਣ ਨੂੰ ਘਟਾਉਣ ਅਤੇ ਪੰਜਾਬੀਆਂ ਦੀ ਸਹੂਲਤ ਲਈ ਇੱਕ ਅਹਿਮ ਸੁਝਾਅ ਦਿੱਤਾ। ਉਨ੍ਹਾਂ ਕਿਹਾ ਕਿ ਜੇਕਰ ਅੰਮ੍ਰਿਤਸਰ ਅਤੇ ਚੰਡੀਗੜ੍ਹ ਹਵਾਈ ਅੱਡਿਆਂ ਤੋਂ ਕੈਨੇਡਾ, ਅਮਰੀਕਾ, ਇੰਗਲੈਂਡ ਅਤੇ ਆਸਟਰੇਲੀਆ ਲਈ ਸਿੱਧੀਆਂ ਉਡਾਣਾਂ ਵਧਾਈਆਂ ਜਾਣ, ਤਾਂ ਦਿੱਲੀ ਹਵਾਈ ਅੱਡੇ 'ਤੇ ਪੰਜਾਬ ਤੋਂ ਜਾਣ ਵਾਲੀ ਆਵਾਜਾਈ ਘੱਟ ਸਕਦੀ ਹੈ। ਇਸ ਨਾਲ ਪ੍ਰਦੂਸ਼ਣ ਅਤੇ ਸੜਕ ਹਾਦਸਿਆਂ ਵਿੱਚ ਵੀ ਕਮੀ ਆਵੇਗੀ। ਉਨ੍ਹਾਂ ਦੇ ਇਸ ਸੁਝਾਅ ਦਾ ਹਾਜ਼ਰੀਨ ਵੱਲੋਂ ਤਾਲੀਆਂ ਨਾਲ ਭਰਵਾਂ ਸਵਾਗਤ ਕੀਤਾ ਗਿਆ।

ਕਾਲਜ ਦੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਗਏ ਗਿੱਧੇ ਅਤੇ ਭੰਗੜੇ ਨੇ ਸਮਾਗਮ ਵਿੱਚ ਰੌਣਕ ਲਗਾ ਦਿੱਤੀ। ਸਰਦਾਰ ਜੋਗਾ ਸਿੰਘ ਨੇ ਐਲਾਨ ਕੀਤਾ ਕਿ ਹਰ ਸਾਲ ਫਰਵਰੀ ਦੇ ਆਖ਼ਰੀ ਸ਼ਨੀਵਾਰ ਨੂੰ ਐਲੂਮੀਨੀ ਮੀਟਿੰਗ ਹੋਵੇਗੀ ਅਤੇ ਅਗਲੇ ਸਾਲ ਲਈ 27 ਫਰਵਰੀ 2027 ਦੀ ਤਾਰੀਖ ਮਿੱਥੀ ਗਈ। ਅਖੀਰ ਵਿੱਚ ਹੋਸਟਲ ਨੰਬਰ 3 ਵਿਖੇ ਸਾਂਝੇ ਦੁਪਹਿਰ ਦੇ ਭੋਜਨ ਤੋਂ ਬਾਅਦ ਸਾਰੇ ਪੁਰਾਤਨ ਵਿਦਿਆਰਥੀ ਭਾਵੁਕ ਮਨਾਂ ਨਾਲ ਵਿਦਾ ਹੋਏ।

## ਆਲ ਇੰਡੀਆ ਬੀ.ਐੱਸ. ਐੱਨ.ਐੱਲ.ਪੈਨਸ਼ਨਰਜ਼ ਵੈੱਲਫੇਅਰ ਅਸੋਸੀਏਸ਼ਨ ਸੰਗਰੂਰ ਦੀ ਮਹੀਨਾਵਾਰੀ ਮੀਟਿੰਗ ਹੋਈ

ਵਰਲਡ ਪੰਜਾਬੀ ਟਾਈਮਜ਼ ਮਾਸਟਰ ਪਰਮਵੇਦ



ਸੰਗਰੂਰ 2 ਮਾਰਚ : ਆਲ ਇੰਡੀਆ ਬੀ ਐਸ ਐਨ ਐਲ ਪੈਨਸ਼ਨਰਜ਼ ਐਸੋਸੀਏਸ਼ਨ ਸੰਗਰੂਰ ਦੀ ਮੀਟਿੰਗ ਗੁਰੂ ਰਵੀਦਾਸ ਜੈਅੰਤੀ, ਵਰਲਡ ਕੈਂਸਰ ਦਿਵਸ, ਵੱਡਾ ਘਲੂਘਾਰਾ ਕੁੱਪ ਰੋਹੀੜਾ, ਵਰਲਡ ਰੇਡੀਓ ਦਿਵਸ, ਮਹਾਂਸ਼ਿਵਰਾਤਰੀ, ਇੰਟਰਨੈਸ਼ਨਲ ਮਾਤ ਭਾਸ਼ਾ ਦਿਵਸ ਅਤੇ ਨੈਸ਼ਨਲ ਸਾਇੰਸ ਦਿਵਸ ਨੂੰ ਸਮਰਪਿਤ ਸਥਾਨਕ ਨੈਣਾ ਦੇਵੀ ਧਰਮਸਾਲਾ ਵਿਖੇ ਹੋਈ।ਮੀਟਿੰਗ ਦੀ ਸ਼ੁਰੂਆਤ ਬਹੁਤ ਹੀ ਇਮਾਨਦਾਰ ਅਤੇ ਸਮਝਦਾਰ ਲੀਡਰ ਕਾਮਰੇਡ ਹੁਸ਼ਿਆਰ ਸਿੰਘ ਗਰੇਵਾਲ (82) ਨੂੰ 2 ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਦੇਕੇ ਕੀਤੀ ਗਈ।ਮੈਡਮ ਵਿਮਲਾ ਦੇਵੀ ਜਿਹੜੇ ਹਾਲੇ ਵੀ ਬਠਿੰਡਾ ਵਿਖੇ ਜੇਰੇ ਇਲਾਜ਼ ਹਨ ਅਤੇ ਹਰਭਜਨ ਸਿੰਘ, ਲਛਮਣ ਸਿੰਘ ਸਮੂਰਾਂ ਅਤੇ ਪ੍ਰਕਾਸ਼ ਚੰਦ ਭੋਜੋਵਾਲੀ ਲੰਬੀ ਬਿਮਾਰੀ ਤੋਂ ਬਾਦ ਠੀਕ ਹੋ ਕੇ ਘਰ ਪਹੁੰਚਣ ਤੇ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ।ਇਸ ਮਹੀਨੇ ਵਿੱਚ ਬਰਨਾਲਾ ਵਿਖੇ ਆਲ ਇੰਡੀਆ ਬੀ.ਐੱਸ.ਐੱਨ.ਐੱਲ ਪੈਨਸ਼ਨਰਜ ਵੈੱਲਫੇਅਰ ਐਸੋਸੀਏਸ਼ਨ ਦੀ ਨਵੀਂ ਬ੍ਰਾਂਚ ਬਣਾਕੇ ਇਸਨੂੰ ਐਸੋਸੀਏਸ਼ਨ ਵਿੱਚ ਮਰਜ ਕਰਨ ਦੀ ਪ੍ਰਵਾਨਗੀ ਮੈਂਬਰਾਂ ਨੇ ਹੱਥ ਖੜੇ ਕਰਕੇ ਦਿੱਤੀ ਗਈ।ਐਸ ਐਸ ਸੰਗਰੂਰ ਵਿੱਚ ਜਿਹੜੇ ਸਾਥੀ ਹਾਲੇ ਤੱਕ ਐਸੋਸੀਏਸ਼ਨ ਦੇ ਮੈਂਬਰ ਨਹੀਂ ਬਣੇ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਮੈਂਬਰ ਬਣਾਉਣ ਲਈ ਬੇਨਤੀ ਕੀਤੀ ਗਈ। ਜਿਹੜੇ ਸਾਥੀ ਸੀ ਜੀ ਐਚ ਐਸ ਕਾਰਡ ਹੋਲਡਰ ਹਨ ਉਹ ਪੰਜਾਬ ਸਰਕਾਰ ਦਾ 10 ਲੱਖ ਦਾ ਸਿਹਤ ਬੀਮਾ ਯੋਜਨਾ ਵਾਲਾ ਕਾਰਡ ਨਾ ਬਣਵਾਉਣ ਕਿਉਂਕਿ ਸਹੂਲਤ ਸਿਰਫ਼ ਇੱਕ ਕਾਰਡ ਤੇ ਹੀ ਮਿਲੇਗੀ।ਜੈ ਸਿੰਘ ਅਤੇ ਜੀਵਨ ਪ੍ਰਕਾਸ਼ ਨੂੰ ਨਵੇਂ ਲਾਈਫ ਮੈਂਬਰ ਬਣਨ ਤੇ ਜੀ ਆਇਆਂ ਕਿਹਾ ਅਤੇ ਮੈਡਮ ਰਸਛਪਾਲ ਕੌਰ ਧੂਰੀ ਦਾ ਪਹਿਲੀਵਾਰ ਮੀਟਿੰਗ ਵਿੱਚ ਆਉਣ ਤੇ ਗਿਫ਼ਟ ਦੇਕੇ ਸਵਾਗਤ ਕੀਤਾ ਗਿਆ।ਐਕਸ ਗ੍ਰੇਸ਼ੀਆ ਤੇ ਕੱਟੇ ਗਏ ਇਨਕਮ ਟੈਕਸ ਦੇ



ਰਿਫੰਡ ਕੇਸ ਇਕੱਠੇ ਹੋਕੇ ਸਾਂਝੇ ਮੁੱਦਿਆਂ ਤੇ ਨਿੱਜੀ ਦੀ ਥਾਂ ਇੱਕ ਪਲੇਟਫਾਰਮ ਤੇ ਲੜਾਈ ਲੜਨੀ ਚਾਹੀਦੀ ਹੈ।ਪੀ ਸੀ ਬਾਘਾ ਸਾਹਿਬ ਨੇ ਪਾਰਸ ਹੌਸਪੀਟਲ ਪੰਚਕੂਲਾ ਦੇ ਡਾਕਟਰਾਂ ਦੁਆਰਾ ਕੀਤੇ ਗਏ ਸਫ਼ਲ ਇਲਾਜ਼ ਦੀ ਪ੍ਰਸੰਸਾ ਕੀਤੀ ਅਤੇ ਉਨ੍ਹਾਂ ਦਾ ਧਨਵਾਦ ਵੀ ਕੀਤਾ। ਕੇਂਦਰ ਸਰਕਾਰ ਵੱਲੋ ਡੀ ਏ ਅਤੇ 9 ਸਾਲ ਤੋਂ ਤੀਜੇ ਪੀ ਆਰ ਸੀ ਹੁਣ ਤੱਕ ਨਾ ਦੇਣ ਦੇ ਰੋਸ ਵਜੋਂ ਮੋਦੀ ਸਰਕਾਰ ਦੇ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ।

ਰਘਵੀਰ ਸਿੰਘ ਪ੍ਰਧਾਨ ਨੇ ਸਾਲ 2026 ਦਾ ਤਰਕਸ਼ੀਲ ਕੈਲੰਡਰ ਲੋਕ ਅਰਪਨ ਕੀਤਾ ਤੇ ਸਭ ਨੂੰ ਵੰਡਿਆ ਗਿਆ।

ਜਿਹੜੇ ਸਾਥੀਆਂ ਦੇ ਫ਼ਰਵਰੀ ਮਹੀਨੇ ਵਿੱਚ ਜਨਮ ਦਿਨ, ਮੈਰਿਜ ਐਨੀਵਰਸਰੀ ਜਾਂ ਬੇਟੇ/ਬੇਟੀਆਂ ਦੀ ਮੈਰਿਜ ਜਾਂ ਘਰ ਵਿੱਚ ਕੋਈ ਹੋਰ ਖੁਸ਼ ਹੋਈ ਹੈ,ਐਸੋਸੀਏਸ਼ਨ ਵੱਲੋਂ ਸਭ ਨੂੰ ਹਾਰ ਪਹਿਨਾ ਕੇ ਅਤੇ ਗਿਫ਼ਟ ਦੇਕੇ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ।ਜਿਨ੍ਹਾਂ ਸਾਥੀਆਂ ਨੇ ਵਿੱਤੀ ਸਹਾਇਤਾ ਦਿੱਤੀ ਹੈ ਐਸੋਸੀਏਸ਼ਨ ਨੇ ਦਿਲੋਂ ਧੰਨਵਾਦ ਕੀਤਾ ਕਿਉਂਕਿ ਇਸ ਮਦਦ ਨਾਲ ਹੀ ਸਾਰਾ ਖਰਚਾ ਕੀਤਾ ਜਾਂਦਾ ਹੈ ਤੇ ਐਸੋਸੀਏਸ਼ਨ ਦੇ ਫੰਡ ਵਿੱਚੋਂ ਇੱਕ ਪੈਸਾ ਵੀ ਨਹੀਂ ਖਰਚਿਆ ਜਾਂਦਾ।ਸਾਰੇ ਪ੍ਰੋਗ੍ਰਾਮ ਦੀ ਰੂਪ ਰੇਖਾ ਦਾ ਖਰੜਾ ਸੁਰਿੰਦਰ ਪਾਲ ਨੇ ਤਿਆਰ ਕੀਤਾ ਹੈ।

ਮੁੱਖ ਬੁਲਾਰੇ ਸ਼ਾਮ ਸੁੰਦਰ ਕੱਕੜ, ਵੀ ਕੇ ਮਿੱਤਲ, ਗੁਰਮੇਲ ਸਿੰਘ ਭੱਟੀ, ਰਘਵੀਰ ਸਿੰਘ ਪ੍ਰਧਾਨ, ਐਸ ਪੀ ਅੱਗਰਵਾਲ ਅਤੇ ਪੀ ਸੀ ਬਾਘਾ ਸਨ। ਸਟੇਜ ਦੀ ਭੂਮਿਕਾ ਪੀ ਸੀ ਬਾਘਾ ਨੇ ਬਾਖੂਬੀ ਨਿਭਾਈ।

## ਬੁੱਚੜ ਪੁਲੀਸ ਫਿਰ ਓਸੇ ਰਾਹ ਤੁਰ ਪਈ...

ਵਰਲਡ ਪੰਜਾਬੀ ਟਾਈਮਜ਼ ਰਣਜੀਤ ਸਿੰਘ ਦਮਦਮੀ ਟਕਸਾਲ

ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ 'ਚ ਮਾਰਨਾ, ਥਾਣਿਆਂ ਤੇ ਤਸੀਹਾ ਕੇਂਦਰਾਂ 'ਚ ਰੱਖ ਕੇ ਘੋਰ ਤਸ਼ੱਦਦ ਕਰਨਾ, ਪੰਥ-ਪ੍ਰਸਤ ਸਿੱਖਾਂ ਨੂੰ ਆਨੇ-ਬਹਾਨੇ ਤੰਗ-ਪ੍ਰੇਸ਼ਾਨ ਕਰਨਾ, ਗ਼ੈਰ-ਕਾਨੂੰਨੀ ਗ੍ਰਿਫ਼ਤਾਰੀਆਂ ਕਰਨੀਆਂ, ਝੂਠੇ ਕੇਸ ਪਾਉਣੇ ਇਹ ਸਭ ਕੁਝ ਪੁਲਿਸ ਵਾਲ਼ਿਆਂ ਲਈ ਨਵਾਂ ਨਹੀਂ ਹੈ। ਬਾਦਲ ਰਾਜ ਵਿੱਚ ਬੁੱਚੜ ਪੁਲਿਸ ਵੱਲੋਂ ਸੰਘਰਸ਼ੀ ਯੋਧੇ ਭਾਈ ਦਲਜੀਤ ਸਿੰਘ ਬਿੱਟੂ ਤੇ ਭਾਈ ਕੁਲਬੀਰ ਸਿੰਘ ਬੜਾ ਪਿੰਡ ਨੂੰ ਜਲੰਧਰ ਵਿੱਚ ਬਹੁਤ ਜ਼ਲੀਲ ਕੀਤਾ ਗਿਆ ਸੀ। ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੇ ਤਸ਼ੱਦਦ ਦੀ ਦਾਸਤਾਨ ਅਜੇ ਪੂਰੀ ਨਸ਼ਰ ਨਹੀਂ ਹੋਈ। ਭਾਈ ਜਸਵੰਤ ਸਿੰਘ ਖਾਲੜਾ ਨੂੰ ਵੀ ਸ਼ਹੀਦ ਕਰਨ ਤੋਂ ਪਹਿਲਾਂ ਬੇਕਿਰਕੀ ਨਾਲ਼ ਜ਼ਲੀਲ ਕੀਤਾ ਗਿਆ। ਭਾਈ ਗੁਰਦੇਵ ਸਿੰਘ ਦੇਬੂ ਨੂੰ ਉਬਾਲ਼ਿਆ ਗਿਆ ਸੀ। ਭਾਈ ਕਸ਼ਮੀਰ ਸਿੰਘ ਸ਼ੀਰਾ ਪੱਟੀ ਦੀ ਲੱਤ 'ਚ ਸਰੀਏ ਖੋਭ ਕੇ ਮਾਸ ਪਾੜਿਆ ਗਿਆ ਸੀ। ਹੋਰ ਵੀ ਬੇਅੰਤ ਸਿੱਖਾਂ ਉੱਤੇ ਕਹਿਰ ਹੋਇਆ। 1984 ਤੋਂ ਲਗਾਤਾਰ ਪੁਲੀਸ ਨੇ ਹਰ ਸਿੱਖ ਨੂੰ ਜ਼ਲੀਲ ਕੀਤਾ। ਤਸ਼ੱਦਦ ਕਰਨ ਮੌਕੇ ਇਹ ਪੁਲੀਸ ਵਾਲ਼ੇ ਤਾਹਨੇ-ਮਿਹਣੇ ਮਾਰਨ, ਨੀਵਾਂ ਵਿਖਾਉਣ, ਨਗਨ ਕਰ ਕੇ ਹੇਠੀ ਕਰਨ ਤੋਂ ਵੀ ਬਹੁਤ ਅੱਗੇ ਤਕ





ਜਾਂਦੇ ਨੇ। ਇਹਨਾਂ ਦੇ ਤਸ਼ੱਦਦ ਨਾਲ਼ੋਂ ਇਹਨਾਂ ਦੀ ਦਿੱਤੀ ਜ਼ਲਾਲਤ ਬਹੁਤਾ ਤੰਗ ਕਰਦੀ ਹੈ। ਕਈ ਪੁਲੀਸ ਵਾਲ਼ਿਆਂ ਵਾਸਤੇ ਸੋਸ਼ਲ ਮੀਡੀਆ ਉੱਤੇ ਕੁਝ ਲੋਕ ਲਿਖਦੇ ਨੇ ਕਿ ਉਹ ਵਧੀਆ ਹੈ। ਪਰ ਕੁਝ ਸਿੰਘਾਂ ਨੇ ਤਾਂ ਓਸ ਅਫ਼ਸਰ ਦਾ ਵੀ ਨਿਘਰਿਆ ਰੂਪ ਵੇਖਿਆ ਸੀ ਜੀਹਨੂੰ 'ਗੁਰਸਿੱਖ ਅਫ਼ਸਰ' ਕਹਿ ਕੇ ਲੋਕ ਚੇਤੇ ਕਰਦੇ ਨੇ। ਹਕੀਕਤ ਇਹ ਹੈ ਕਿ ਕੋਈ ਇੱਕ ਅੱਧ ਹੀ ਬਚਿਆ ਹੈ ਬਾਕੀ ਤਾਂ ਸਭ ਲਿਬੜੇ ਹੋਏ ਨੇ। ਇਹਨਾਂ ਵਿੱਚੋਂ ਗੋਬਿੰਦ ਰਾਮ ਬਾਰੇ ਤਾਂ ਖੁਦ ਰਾਜਪਾਲ ਰੇਅ ਨੇ ਮੰਨਿਆ ਸੀ ਕਿ ਓਹ ਲੋਕਾਂ ਉੱਤੇ ਜ਼ੁਲਮ ਕਰ ਕੇ ਸਵਾਦ ਲੈਣ ਵਾਲ਼ਾ ਸੈਡਿਸਟ ਹੈ। ਇਸ ਮਾਨਸਿਕਤਾ ਵਾਲ਼ੇ ਹਰ ਪੁਲਸੀਏ ਨੂੰ, ਹਰ ਸਿੱਖ ਨੂੰ ਤਸੀਹੇ ਦੇ ਕੇ ਤੇ ਜ਼ਲੀਲ ਕਰ ਕੇ ਸੰਤੁਸ਼ਟੀ ਮਿਲ਼ਦੀ ਹੈ। ਇਹਨਾਂ ਪੁਲੀਸ ਵਾਲ਼ਿਆਂ ਨੂੰ ਪਤਾ ਹੈ ਕਿ ਸਿੱਖ ਸਾਨੂੰ 'ਮੀਰ ਮੰਨੂ' ਤੇ 'ਮੱਸੇ ਰੰਘੜ' ਵਾਂਗ ਮੰਨਦੇ ਨੇ ਤੇ ਇਸ ਕਰਕੇ ਇਹ ਪੁਲੀਸ ਵਾਲ਼ੇ ਕਾਬੂ ਆਏ ਸਿੱਖ ਨੂੰ ਝੁਕਿਆ ਵੇਖਣ ਲਈ ਹਰ ਹੱਦ ਪਾਰ ਕਰਨ ਨੂੰ ਤਿਆਰ ਰਹਿੰਦੇ ਨੇ। ਜਦ ਬੇਦੋਸ਼ਾ ਸਿੱਖ ਅੜਦਾ ਹੈ ਤਾਂ ਇਹ ਆਪਣੇ ਸਾਥੀ ਪੁਲਸੀਆਂ ਸਾਹਮਣੇ ਹੇਠੀ ਮੰਨਦੇ ਨੇ ਤੇ ਆਪਣੇ ਆਪ ਨੂੰ ਘੈਂਟ ਦਰਸਾਉਣ ਲਈ ਅੰਦਰਲੇ ਬੰਦੇ ਨੂੰ ਕਤਲ ਕਰ ਕੇ ਹੈਵਾਨ ਬਣ ਜਾਂਦੇ ਨੇ। ਜੀਹਦਾ ਇਹਨਾਂ ਨਾਲ਼ ਵਾਹ ਨਹੀਂ ਪਿਆ, ਓਹੀ ਇਹਨਾਂ ਨੂੰ ਵਡਿਆਉਂਦਾ ਹੈ। ਇਹ ਕਹਿਣਗੇ ਕਿ ਉੱਪਰੋਂ ਹੁਕਮ ਸੀ ਜਦਕਿ ਇਹ ਅਸਲ ਵਿੱਚ ਇਹਨਾਂ ਦੀ ਹੀਣਤਾ ਇਹਨਾਂ ਨੂੰ ਘੈਂਟ ਦਰਸਾਉਣ ਲਈ ਇਹਨਾਂ ਤੋਂ ਅਜਿਹੇ ਕੰਮ ਕਰਵਾਉਂਦੀ ਹੈ। ਕਦੇ ਅਦਾਲਤ ਵਿੱਚ ਜਾਇਓ ਤੇ ਉਹਨਾਂ ਬੁੱਚੜ ਪੁਲਸੀਆਂ ਨੂੰ ਮਿਲਿਓ ਜਿਨ੍ਹਾਂ ਨੂੰ ਖਾੜਕੂਵਾਦ ਦੌਰਾਨ ਬੇਦੋਸ਼ੇ ਸਿੱਖਾਂ ਦੇ ਕਤਲਾਂ ਵਿੱਚ ਸਜ਼ਾ ਸੁਣਾਈ ਜਾ ਰਹੀ ਹੋਵੇ। ਓਹ ਆਪਣੀ ਕਰਤੂਤ ਨੂੰ ਜਾਇਜ਼ ਦਰਸਾਉਣ ਲਈ ਟਿੱਲ ਦਾ ਜ਼ੋਰ ਲਾਉਣਗੇ। ਉਹਨਾਂ ਨੂੰ ਆਪਣੇ ਪੁੱਤ ਦੀ ਪੈਰਵਾਈ ਕਰਨ ਵਾਲ਼ੇ ਬਿਰਧ ਮਾਪਿਆਂ ਉੱਤੇ ਕਹਿਰ ਚੜ੍ਹਿਆ ਹੁੰਦਾ। ਉਹਨਾਂ ਦੇ ਹਾਵ-ਭਾਵ ਵੇਖ ਕੇ ਸਹਿਜੇ ਹੀ ਸਮਝ ਲਗ ਜਾਂਦੀ ਹੈ ਕਿ ਜੇ ਹੁਣ ਵੀ ਮੌਕਾ ਮਿਲੇ ਇਹ ਕਤਲ ਕੀਤੇ ਬੇਦੋਸ਼ੇ ਸਿੱਖ ਨੌਜਵਾਨ ਦੇ ਘਰ ਦਾ ਹਰ ਜੀਅ ਭੁੰਨ ਦੇਣ। ਖਾੜਕੂਵਾਦ ਦੌਰਾਨ ਤਾਂ ਲੋਕ ਇਹਨਾਂ ਹੱਥੋਂ ਝੂਠੇ ਮੁਕਾਬਲੇ ਵਿੱਚ ਕਤਲ ਹੋਣ ਤੋਂ ਬਚਣ ਲਈ ਝੂਠੇ ਕੇਸ ਪਵਾਉਣ ਲਈ ਵੀ ਲੱਖਾਂ ਰੁਪਈਏ ਦਿੰਦੇ ਰਹੇ ਹਨ। ਜਿਹੜੇ ਸਿੱਖ ਨੌਜਵਾਨ ਝੂਠੇ ਕੇਸਾਂ ਵਿੱਚ ਫਸਾਏ ਜਾਂਦੇ ਨੇ, ਉਹਨਾਂ ਨੂੰ ਫਸਾਉਣ ਵਾਲ਼ੇ ਜੋ ਮਰਜੀ ਸਫਾਈ ਦੇਣ, ਪਰ ਇਹ ਹਰਾਮੀਪੁਣਾ ਹਜ਼ਾਰਾਂ ਜ਼ਿੰਦਗੀਆਂ ਬਰਬਾਦ ਕਰ ਚੁੱਕਾ ਹੈ। ਜੀਹਨੂੰ ਮਰਜੀ ਫੜ ਕੇ ਜੋ ਮਰਜੀ ਦੋਸ਼ ਲਾ ਕੇ ਮੁਕੱਦਮੇ ਵਿੱਚ ਉਲ਼ਝਾ ਕੇ ਪੰਜ-ਦਸ ਸਾਲ ਦੀ ਜੇਲ੍ਹ ਯਾਤਰਾ ਦਾ ਜੁਗਾੜ ਕਰਨ ਵਾਲ਼ੇ ਇਹਨਾਂ ਪੁਲੀਸ ਵਾਲ਼ਿਆਂ ਦੀਆਂ ਔਲਾਦਾਂ, ਘਰਵਾਲ਼ਿਆਂ ਤੇ ਮਾਪੇ ਬਰਾਬਰ ਦੋਸ਼ੀ ਨੇ। ਬਹੁਤੇ ਪੁਲੀਸ ਵਾਲ਼ਿਆਂ ਦੀ ਔਲਾਦ ਕੁਰਾਹੇ ਪੈ ਜਾਂਦੀ ਹੈ ਤੇ ਉਹ ਸੰਤਾਪ ਭੋਗਦੇ ਨੇ। ਬੇਦੋਸ਼ੇ ਸਿੱਖਾਂ ਉੱਤੇ ਜ਼ੁਲਮ ਕਰਨ ਵਾਲ਼ੇ ਪੁਲੀਸ ਵਾਲ਼ਿਆਂ ਦਾ ਆਪਣਾ ਰਿਟਾਇਰ ਹੋਣ ਤੋਂ ਬਾਅਦ ਦਾ ਬੁਰਾ ਹਾਲ ਵੇਖਣ ਵਾਲ਼ਾ ਹੁੰਦਾ ਹੈ। ਨਰਕ ਭੋਗਦੇ ਨੇ। ਭਗਵੰਤ ਮਾਨ, ਕੈਪਟਨ, ਸੁਖਬੀਰ ਜਾਂ ਹੋਰ ਜਿਹੜਾ ਮਰਜੀ ਹਾਕਮ ਹੋਵੇ, ਇਹਨਾਂ ਨੂੰ ਖੁੱਲ੍ਹ ਦੇਵੇ ਸਹੀ, ਇਹ ਲਾਂਬੂ ਲਾ ਦੇਣਗੇ। ਬਦਕਿਸਮਤੀ ਹੈ ਕਿ ਹੁਣ ਫਿਰ ਪੁਲੀਸ ਓਸੇ ਰਾਹ ਤੋਰੀ ਜਾ ਰਹੀ ਹੈ। ਪੁਲੀਸ ਦੇ ਇਹ ਜ਼ੁਲਮ ਨੌਜਵਾਨ ਪੀੜ੍ਹੀ ਨੂੰ ਭਗੌੜਾ ਕਰਨਗੇ। ਇਹੀ ਪੁਲਿਸ ਤੇ ਸਰਕਾਰ ਚਾਹੁੰਦੀ ਹੈ ਕਿ ਹਾਲਾਤ ਵਿਗੜਨ ਤੇ ਸਾਨੂੰ ਖੁੱਲ੍ਹ ਮਿਲੇ।